ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ. /ਮੀਡੀਆ/2012 /084519 - 084520
ਮਿਤੀ ,ਚੰਡੀਗੜ੍ਹ : 28.8.2012

**ਵਿਸ਼ਾ:- ਪ੍ਰਾਇਮਰੀ ਸਕੂਲਾਂ ਲਈ 2012-13 ਲਈ ਭੇਜੀ ਗਈ ਸਹਾਇਕ ਸਮੱਗਰੀ ਵੰਡ ਸਬੰਧੀ।**
**ਹਵਾਲਾ:- ਏ.ਐਸ.ਪੀ.ਡੀ. /ਮੀਡੀਆ/2012/83606-627, ਮਿਤੀ: :13.08.2012**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪ੍ਰਾਇਮਰੀ ਸਿੱਖਿਆ ਅੰਦਰ ਬੱਚੇ ਦਾ ਸਿੱਖਣ ਪੱਧਰ ਉੱਚਾ ਚੁੱਕਣ ਲਈ ਦਫ਼ਤਰ ਵਲੋਂ ਸਹਾਇਕ ਸਮੱਗਰੀ ਪ੍ਰਿੰਟ ਕਰਵਾ ਕੇ ਭੇਜੀ ਗਈ ਹੈ ।ਇਸ ਦਾ ਮੂਲ ਮਨੋਰਥ ਬੱਚੇ ਨੂੰ ਪੜ੍ਹਨ-ਲਿਖਣ ਦੀਆਂ ਗਤੀਵਿਧੀਆਂ ਨਾਲ ਜੋੜਦਿਆਂ ਉਸ ਨੂੰ ਸੌਖੇ ਤਰੀਕੇ ਨਾਲ ਪੜ੍ਹਾਈ ਪ੍ਰਤੀ ਉਸਦੀ ਸਮਝ ਵਿਕਸਿਤ ਕਰਨਾ ਹੈ ।

3.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਜਿਲ੍ਹਿਆ ਅੰਦਰ ਜਾਂ ਬਲਾਕਾਂ ਅੰਦਰ ਇਹ ਪੜ੍ਹਨ ਸਮੱਗਰੀ ਅਣਵੰਡੀ ਪਈ ਹੈ ।ਇਸ ਨੂੰ ਸਕੂਲਾਂ ਅੰਦਰ ਭੇਜਿਆ ਨਹੀਂ ਗਿਆ।

4.0 ਸਮੇਂ ਸਿਰ ਸਹਾਇਕ ਸਮੱਗਰੀ ਨੂੰ ਸਕੂਲਾਂ ਅੰਦਰ ਭੇਜੇ ਜਾਣ ਦੀ ਜਿੰਮੇਵਾਰੀ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਦੀ ਹੈ ।ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਖੁਦ ਇਸ ਦੀ ਚੈਕਿੰਗ ਕਰਨ ਕਿ ਬੱਚਿਆਂ ਲਈ ਤਿਆਰ ਕੀਤੀ ਗਈ ਇਹ ਸਹਾਇਕ ਸਮੱਗਰੀ ਸਕੂਲਾਂ ਅੰਦਰ ਪਹੁੰਚ ਗਈ ਹੈ ।

5.0 ਸਮੂਹ ਬੀ.ਪੀ.ਈ.ਓ.,ਜਿਲ੍ਹਾ ਅਤੇ ਬਲਾਕ ਰਿਸੋਰਸ ਪਰਸਨ (ਪ੍ਰਾਇਮਰੀ ਸਿੱਖਿਆ) ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਸਕੂਲਾਂ ਅੰਦਰ ਇਹ ਸਹਾਇਕ ਸਮੱਗਰੀ ਪੁੱਜਣ ਤੋਂ ਬਾਅਦ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਇਸ ਦੀ ਯੋਗ ਵਰਤੋਂ ਕੀਤੀ ਜਾ ਰਹੀ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਉਕਤ
ਉਤਾਰਾ: (1)DM MIS)

ਮਿਤੀ:

ਡਾਇਰੈਕਟਰ ਜਨਰਲ ਸਕੂਲ ਸਿੱਖਿਆ